This Question Paper consists of 24 questions and 6 printed pages.

ਇਸ ਪ੍ਰਸ਼ਨ ਪੱਤਰ ਵਿਚ 24 ਸੁਆਲ ਹਨ ਅਤੇ 6 ਛੱਪੇ ਹੋਏ ਪੰਨੇ ਹਨ।

| Roll No. / ਰੋਲ ਨੰ: ਅੰਕਾਂ ਵਿਚ | | | | | | | | | | | | |
|---|---|---|---|---|---|---|---|---|---|---|---|---|

**Code No.** / **ਕੋਡ ਨੰ.** **54/SS/A/P**

# PUNJABI

# (ਪੰਜਾਬੀ)

**(310)**

**Set/ਸੈਟ** **A**

Day and Date of Examination . . . . . . . . . . . . . . . . . . . . . . . . . .
(ਪਰਿਖਿਆ ਦਾ ਦਿਨ ਅਤੇ ਮਿਤੀ)

Signature of Invigilators 1. . . . . . . . . . . . . . . . . .
(ਨਿਰੀਖਕਾਂ ਦੇ ਦਸਖ਼ਤ)

2. . . . . . . . . . . . . . . . . .

- - - - - - - - - - - - - - - - - - - - - - - - - - - - - - - - - - - - - - -

***ਆਮ ਹਿਦਾਇਤਾਂ :***

1. ਪਰੀਖਿਆਰਥੀ ਪ੍ਰਸ਼ਨ ਪਤਰ ਦੇ ਮੁਖ ਪੰਨੇ ਤੇ ਆਪਣੇ ਰੋਲ ਨੰਬਰ ਜ਼ਰੂਰ ਲਿਖਣ।

2. ਕ੍ਰਿਪਾਕਰਕੇ ਪ੍ਰਸ਼ਨ ਪੱਤਰ ਵੇਖ ਲਵੋ ਕਿ ਪ੍ਰਸ਼ਨ ਪੱਤਰ ਦੇ ਕੁਲ ਪੰਨੇ ਅਤੇ ਕੁਲ ਸੁਆਲ ਉਹੋ ਹੀ ਹਨ ਜਿਹੜੇ ਕਿ ਮੁਖ ਪੰਨੇ ਦੇ ਸਭ ਤੋਂ ਉਪਰ ਲਿਖੇ ਗਏ ਹਨ। ਇਹ ਵੀ ਵੇਖ ਲਵੋ ਕਿ ਸੁਆਲ ਸਾਰੇ ਕ੍ਰਮਵਾਰ ਲਿਖੇ ਹੋਏ ਹਨ।

3. ਵਸਤੂਨਿਸ਼ਠ ਸੁਆਲਾਂ ਵਿਚ ਆਪਣੇ ਪ੍ਰਸ਼ਨ ਪੱਤਰ ਵਿਚ ਦਿੱਤੇ ਵਿਕਲਪਾਂ [(A), (B), (C) ਅਤੇ (D)] ਵਿਚੋਂ ਕੋਈ ਇਕ ਚੁਣਨਾ ਹੈ ਅਤੇ ਠੀਕ ਜੁਆਬ ਨੂੰ ਆਪਣੀ ਉੱਤਰ ਕਾਪੀ ਵਿਚ ਲਿਖਣਾ ਹੈ। ਬਹੁ ਵਿਕਲਪੀ ਸੁਆਲਾਂ ਲਈ ਕੋਈ ਫਾਲਤੂ ਸਮਾਂ ਨਹੀਂ ਮਿਲੇਗਾ।

4. ਉੱਤਰ ਕਾਪੀ ਵਿਚ ਕੋਈ ਪਛਾਣ ਚਿੰਨ ਬਨਾਉਣਾ ਜਾਂ ਆਪਣਾ ਰੋਲ ਨੰਬਰ ਨਿਰਧਾਰਿਤ ਥਾਂ ਦੀ ਜਗ੍ਹਾ ਕਿਧਰੇ ਹੋਰ ਲਿਖਣਾ ਪਰੀਖਿਆਰਥੀ ਦੀ ਪਾਤਰਤਾ ਨੂੰ ਰਦ ਕਰਨ ਤਕ ਲੈ ਜਾਵੈਗਾ।

5. ਆਪਣੇ ਪ੍ਰਸ਼ਨ ਪੱਤਰ ਦਾ ਕੋਡ ਨੰ. 54/SS/A/P ਸੈਟ A ਉੱਤਰ ਕਾਪੀ ਵਿਚ ਲਿਖੋ।

# PUNJABI

## (ਪੰਜਾਬੀ)

## (310)

ਸਮਾਂ : 3 ਘੰਟੇ ] [ ਅੰਕਾਂ : 100

**ਨੋਟ:** (i) ਸਭ ਪ੍ਰਸ਼ਨ ਜਰੂਰੀ ਹਨ। ਅੰਕ ਪ੍ਰਸ਼ਨਾਂ ਦੇ ਸਾਹਮਣੇ ਦਿੱਤੇ ਗਏ ਹਨ।

(ii) ਪ੍ਰਸ਼ਨ ਸੰਖਿਆ (24) ਦੋ ਵਿਕਲੱਪ ਹਨ। ਇਨ੍ਹਾਂ ਵਿੱਚੋਂ ਕਿਸੇ ਇੱਕ ਵਿਕਲਪ ਦੇ ਪ੍ਰਸ਼ਨਾਂ ਦੇ ਉੱਤਰ ਹੀ ਦੇਣੇ ਹਨ।

(iii) ਲਿਖਾਈ ਸ਼ੁੱਧ, ਸੁੰਦਰ ਅਤੇ ਖੁੱਲੀ-ਖੁੱਲੀ ਕਰਨ ਦਾ ਜਤਨ ਕਰੋ। ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਇੱਕ ਵਾਕ ਵਿੱਚ ਲਿਖੋ।

**ਨੋਟ** : ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਇੱਕ ਵਾਕ ਵਿੱਚ ਲਿਖੋ : 1×8=8

**1.** 'ਔਰਤ ਦੀ ਹੱਕ ਤਲਫ਼ੀ' ਕਵਿਤਾ ਦਾ ਕਵੀ ਕੌਣ ਹੈ?

**2.** ਗੁੱਸੇ ਵਿੱਚ ਆਕੇ ਵਲੀ ਕੰਧਾਰੀ ਦੇ ਪੀਰ ਨੇ ਕੀ ਕੀਤਾ?

**3.** 'ਸਾਥੀ' ਸ਼ਬਦ ਮੂਲ ਰੂਪ ਵਿੱਚ ਕਿਸ ਭਾਸ਼ਾ ਦੇ ਕਿਸ ਸ਼ਬਦ ਦਾ ਬਦਲਿਆ ਹੋਇਆ ਪੰਜਾਬੀ ਰੂਪ ਹੈ?

**4.** ਆਪਣੇ ਵਤਨ ਜਾਣ ਵੇਲੇ 'ਰਾਮੂ' ਘਰ ਜਾਣ ਤੋਂ ਪਹਿਲਾਂ ਕੀ ਕਰਨ ਦਾ ਪ੍ਰਣ ਕਰਦਾ ਹੈ?

**5.** ਲੋਕ ਗੀਤ ਕਿਸ ਗੱਲ ਦਾ ਪਰਗਟਾਵਾ ਕਰਦੇ ਹਨ?

**6.** ਭੂਆ ਕਹਾਣੀ ਦਾ ਪਾਤਰ, ਬਿਸਤਰੇ ਤੇ ਲੰਮਾ ਪਿਆਂ ਔਖਾ ਕਿਉਂ ਮਹਿਸੂਸ ਕਰਦਾ ਹੈ?

**7.** ਮੁਹਾਵਰਾ ਕਿਸ ਨੂੰ ਕਿਹਾ ਜਾਂਦਾ ਹੈ?

**8.** ਗੁਰਮੁਖੀ ਲਿੱਪੀ ਦੇ 35 ਅਖਰਾਂ ਨੂੰ ਹੁਣ ਵਧਾ ਕੇ ਕਿੰਨੇ ਕਰ ਦਿੱਤੇ ਗਏ ਹਨ?

**ਨੋਟ** : ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰਾਂ ਲਈ ਸਹੀ ਵਿਕਲਪ ਚੁਣਕੇ ਆਪਣੀ ਉੱਤਰ ਪੁਸਤਕਾ ਵਿੱਚ ਲਿਖੋ: 1×10=10

**9.** ਉਹ ਵੰਝਲੀ ਗੁਆਚ ਗਈ ਜਿਸ ਵਿੱਚ ਫੂਕ ਵਜਦੀ ਸੀ :

(A) ਸਿਆਸਤ ਦੀ

(B) ਧਰਮ ਦੀ

(C) ਪਿਆਰ ਦੀ

(D) ਨਫ਼ਰਤ ਦੀ

**10.** ਕਵੀ ਡਾ: ਜਗਤਾਰ ਕਿਸ ਦੇ ਸਤਿਕਾਰ ਦੀ ਗੱਲ ਕਰਦਾ ਹੈ?

(A) ਪਿਤਾ ਦੇ

(B) ਭੈਣ ਦੇ

(C) ਭਰਾ ਦੇ

(D) ਮਾਂ ਦੇ

**11.** ਲੇਖਕ ਤੇ ਭੂਆ ਦਾ ਆਪਸ ਵਿੱਚ ਰਿਸ਼ਤਾ ਹੈ?

(A) ਭਾਣਜੇ ਦਾ

(B) ਪੜੌਸੀ ਦਾ

(C) ਭਤੀਜੇ ਦਾ

(D) ਪੋਤਰੇ ਦਾ

**12.** ਇਕਾਂਗੀ ਵਿੱਚ ਬਾਬਾ ਜੀ ਕੁਲਦੀਪ ਦੇ ਕੀ ਲਗਦੇ ਹਨ?

(A) ਮਾਮਾ ਜੀ

(B) ਚਾਚਾ ਜੀ

(C) ਬਾਪੂ ਜੀ

(D) ਤਾਇਆ ਜੀ

**13.** ਭੰਗੜਾ ਕਿੱਥੋਂ ਦਾ ਮੁੱਖ ਨਾਚ ਹੈ :

(A) ਗੁਜਰਾਤ ਦਾ

(B) ਬਿਹਾਰ ਦਾ

(C) ਪੰਜਾਬ ਦਾ

(D) ਆਸਾਮ ਦਾ

**14.** ਭਾਈ ਘਨ੍ਹਈਆ ਜੀ ਕੌਣ ਸੀ?

(A) ਪੁਲਿਸ ਵਿੱਚ ਸਿਪਾਹੀ ਸੀ

(B) ਕਿਸਾਨ ਸਨ

(C) ਗੁਰੂ ਗੋਬਿੰਦ ਸਿੰਘ ਜੀ ਦੀਆਂ ਫੌਜਾਂ ਦੇ ਸੇਵਾਦਾਰ ਸਨ

(D) ਗੁਰਦੁਆਰੇ ਦੇ ਸੇਵਾਦਾਰ ਸਨ

**15.** ਗੁਰਦੁਆਰਾ ਕੇਸਗੜ੍ਹ ਕਿੱਥੇ ਹੈ?

(A) ਸਰਹੰਦ

(B) ਅੰਬਾਲਾ

(C) ਪਟਿਆਲਾ

(D) ਆਨੰਦਪੁਰ ਸਾਹਿਬ

**16.** ਪੰਜਾਬੀ ਭਾਸ਼ਾ ਲਈ ਕਿਹੜੀ ਲਿੱਪੀ ਵਧੇਰੇ ਢੁਕਵੀਂ ਮੰਨੀ ਜਾਂਦੀ ਹੈ?

(A) ਫਾਰਸੀ ਲਿੱਪੀ

(B) ਦੇਵਨਾਗਰੀ

(C) ਗੁਰਮੁਖੀ ਲਿੱਪੀ

(D) ਰੋਮਨ

**17.** ਆਜ਼ਾਦੀ ਸ਼ਬਦ ਦੇ ਵਿਰੋਧੀ ਸ਼ਬਦ ਸਹੀ ਵਿਕਲਪ ਹੈ :

(A) ਅਧੀਨ

(B) ਖੁੱਲਾ

(C) ਗੁਲਾਮੀ

(D) ਪਤਾ ਨਹੀਂ

**18.** ਮੂਲ ਸ਼ਬਦ ਕਿਸ ਨੂੰ ਕਹਿੰਦੇ ਹਨ?

(A) ਜਿਹੜੇ ਦੋ ਸ਼ਬਦਾਂ ਤੋਂ ਵੱਖ ਹੋਕੇ ਬਣਦੇ ਹਨ।

(B) ਜਿਹੜੇ ਕਿਸੇ ਦੂਜੇ ਸ਼ਬਦ ਦੀ ਸਹਾਇਤਾ ਤੋਂ ਬਿਨਾ ਬਣਦੇ ਹਨ।

(C) ਜਿਹੜੇ ਕਿਸੇ ਹੋਰ ਸ਼ਬਦ ਦੀ ਸਹਾਇਤਾ ਨਾਲ ਬਣਦੇ ਹਨ।

(D) ਜਿਹੜੇ ਦੋ ਸ਼ਬਦਾਂ ਦੇ ਜੋੜ ਤੋਂ ਬਣਦੇ ਹਨ।

**19.** **ਨੋਟ** : ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਆਪਣੀ ਪਾਠ-ਪੁਸਤਕ ਦੇ ਪਾਤਰਾਂ ਦੇ ਆਧਾਰ ਤੇ 30-40 ਸ਼ਬਦਾਂ ਵਿੱਚ ਲਿਖੋ: 2×10=20

(a) ਭਗਤ ਰਵੀਦਾਸ ਜੀ ਅਨੁਸਾਰ, ਪਰਮਾਤਮਾ ਨੂੰ ਅਰਪਣ ਕਰਨ ਦੇ ਯੋਗ ਕੀ ਹੈ?

(b) ਗੁਰੂ ਨਾਨਕ ਦੇਵ ਜੀ ਨੇ ਆਪਣੀ ਬਾਣੀ ਵਿੱਚ 'ਹਉਮੈਂ' ਬਾਰੇ ਕੀ ਉਪਦੇਸ਼ ਦਿੱਤਾ ਹੈ?

(c) ਸ: ਗੁਰਬਖਸ਼ ਸਿੰਘ ਪ੍ਰੀਤ ਲੜੀ ਅਨੁਸਾਰ ਉਨ੍ਹਾਂ ਦੀ ਦਾਦੀ ਜੀ ਦੇ ਕੁਦਰਤ ਪ੍ਰਤੀ ਕੀ ਵਿਚਾਰ ਸਨ?

(d) 'ਭੰਗੜੇ' ਅਤੇ 'ਗਿੱਧੇ' ਵਿੱਚ ਕੀ ਅੰਤਰ ਹੈ? ਸੰਖੇਪ ਵਿੱਚ ਲਿਖੋ।

(e) ''ਸਿਰਫ਼ ਇੱਕ ਵਾਰ! ਵਹਾਂ ਲੰਗਰ ਮੈਂ ਬੈਠ ਕਰ ਖਾਣਾ ਖਾਇਆ, ਸਭ ਏਕ ਕਤਾਰ ਮੈਂ ਬੈਠ ਕਰ ਖਾਤੇ ਹੈਂ, ਊਚੀ ਜਾਤ ਵਾਲੇ ਭੀ ਔਰ ਨੀਚੀ ਜਾਤ ਵਾਲੇ ਭੀ'' ਇਹ ਵਾਕ ਕਿਸ ਪ੍ਰਸੰਗ ਵਿੱਚ ਕਿਸ ਨੇ ਕਿਸ ਨੂੰ ਕਹਿਆ?

(f) ਇਸ਼ਤਹਾਰ ਬਾਜੀ ਦਾ ਕੀ ਲਾਭ ਹੈ? ਸੰਖੇਪ ਵਿੱਚ ਲਿਖੋ।

(g) ''ਆ ਖਸਮਾਂ ਖਾਣਿਆ! ਲੱਗਾਂ ਹੁਣੇ ਉਨ੍ਹਾਂ ਤੇ ਲਿਆਉਣ'' ਇਹ ਕੌਣ ਕਿਸ ਨੂੰ ਤੇ ਕਦੋਂ ਕਹਿ ਰਿਹਾ ਹੈ?

(h) 'ਭਰਾ ਤੇ ਉਸ ਦੀ ਭੈਣ ਨੂੰ ਹਰ ਰੋਜ਼ ਕਿੱਥੇ ਜਾਣਾ ਪੈਂਦਾ ਸੀ ਤੇ ਕਿਉਂ?' ਕਹਾਣੀ 'ਪੇਮੀ ਦੇ ਨਿਆਣੇ' ਦੇ ਪ੍ਰਸੰਗ ਵਿੱਚ ਉੱਤਰ ਦਿਉ।

(i) ਲੇਖਕ ਸੇਂਵੀਆਂ ਖਾਣ ਤੋਂ ਬਚਣ ਲਈ ਕੀ ਸਕੀਮ ਬਣਾਉਂਦਾ ਹੈ? ਕਹਾਣੀ 'ਭੂਆ' ਦੇ ਪ੍ਰਸੰਗ ਵਿੱਚ ਉੱਤਰ ਲਿਖੋ।

(j) ਬਲਰਾਜ ਸਾਹਣੀ ਆਪਣੀ ਰਾਵਲਪਿੰਡੀ ਦੀ ਬੋਲੀ ਤੋਂ ਪ੍ਰਭਾਵਤ ਹੋਣ ਤੇ ਉਸ ਮੁੰਡੇ ਦੀ ਗੱਲ ਸੁਣਕੇ 'ਅਥਰੂ' ਕਿਉਂ ਕੇਰਦਾ ਹੈ?

**20.** **ਨੋਟ** : ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 100 – 125 ਸ਼ਬਦਾਂ ਵਿੱਚ ਲਿਖੋ: 5×3=15

(a) 'ਵਕਤ' ਦੀ ਕਦਰ ਨਾ ਕਰਨ ਵਾਲੇ ਨੂੰ ਕੀ ਨੁਕਸਾਨ ਹੁੰਦਾ ਹੈ?

(b) ਭਾਈ ਘਨ੍ਹਈਆ ਜੀ, ਜੋ ਗੁਰੂ ਗੋਬਿੰਦ ਸਿੰਘ ਜੀ ਦੇ ਸਿੱਖ ਸਨ, ਉਨ੍ਹਾਂ ਨੇ ਮਨੁੱਖਤਾ ਦੀ ਸੇਵਾ ਕਿਵੇਂ ਕੀਤੀ?

(c) ਪੰਜਾਬ ਮੇਲਿਆਂ ਅਤੇ ਤਿਉਹਾਰਾਂ ਦੀ ਧਰਤੀ ਹੈ, ਉਨ੍ਹਾਂ ਵਿੱਚੋਂ ਕਿਸੇ ਦੋ ਮੇਲਿਆ ਬਾਰੇ ਲਿਖੋ।

**21.** ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 150 – 175 ਸ਼ਬਦਾਂ ਵਿੱਚ ਲਿਖੋ: 8×2=16

(a) ਅੰਮ੍ਰਿਤਾ ਪ੍ਰੀਤਮ ਦੀ ਕਵਿਤਾ 'ਵਾਰਸ ਸ਼ਾਹ' ਦਾ ਉਦੇਸ਼ ਕੀ ਹੈ?

(b) ਪੰਜਾਬੀ ਪ੍ਰਿੰਟ ਮੀਡੀਆ ਕਿਸ ਸਮੱਸਿਆ ਨਾਲ ਜੂਝ ਰਿਹਾ ਹੈ?

**22.** ਹੇਠ ਲਿਖੇ ਵਿਸ਼ਿਆਂ ਵਿਚੋਂ **ਇੱਕ** ਵਿਸ਼ੇ ਉੱਤੇ ਲਗਭਗ 200 ਸ਼ਬਦਾਂ ਦਾ ਲੇਖ ਲਿਖੋ: 10

(a) ਮੈਂ ਤੇ ਮੇਰੀ ਇੱਛਾ

(b) ਨੌਜਵਾਨ ਪੀੜੀ ਤੇ ਨਸ਼ਿਆਂ ਦੀ ਵਰਤੋਂ

(c) ਮਹਿੰਗਾਈ ਦੀ ਸਮਸਿਆਂ

(d) ਨੈਤਕਤਾ ਦਾ ਪਤਨ ਦੇਸ਼ ਦਾ ਪਤਨ

**23.** ਟੈਲੀਵਿਜ਼ਨ ਕੇਂਦਰ ਦੇ ਡਾਇਰਕਟਰ ਨੂੰ ਇੱਕ ਪੱਤਰ ਲਿਖੋ, ਜਿਸ ਵਿੱਚ ਨੈਸ਼ਨਲ ਚੈਨਲ ਨੇ ਦਿੱਤੇ ਜਾ ਰਹੇ ਪੰਜਾਬੀ ਪ੍ਰੋਗਰਾਮਾਂ ਵਿਚਲੀਆਂ ਗਲਤੀਆਂ ਨੂੰ ਸੁਧਾਰਣ ਲਈ ਮੰਗ ਕਰੋ। 6

**ਜਾਂ**

ਟਰਾਂਸਪੋਰਟ ਨਿਗਮ ਦੇ ਪ੍ਰਧਾਨ ਨੂੰ ਆਪਣੀ ਨਵੀਂ ਬਣੀ ਕਾਲੋਨੀ ਤੋਂ ਬਸ ਸੇਵਾ ਚਾਲੂ ਕਰਨ ਲਈ ਬੇਨਤੀ ਕਰੋ।

## ਵਿਕਲਪ—I

## (ਅਨੁਵਾਦ)

**24.** ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 100 – 125 ਸ਼ਬਦਾਂ ਵਿੱਚ ਲਿਖੋ: 5×3=15

(a) ਅਨੁਵਾਦ ਤੋਂ ਕੀ ਭਾਵ ਹੈ? ਅਨੁਵਾਦ ਕਰਨ ਵੇਲੇ ਅਨੁਵਾਦਕ ਦੀਆਂ ਕੀ ਕੀ ਜਿੰਮੇਵਾਰੀਆਂ ਹਨ?

(b) ਦੋਭਾਸ਼ੀਆਂ ਕੌਣ ਹੁੰਦਾ ਹੈ? ਇਸਦੀ ਕੀ ਲੋੜ ਹੈ?

(c) ਮੌਖਿਕ ਅਨੁਵਾਦ ਤੋਂ ਕੀ ਭਾਵ ਹੈ? ਤੱਤਕਾਲ ਭਾਸ਼ਾਂਤਰ (Interpreter) ਦੀਆਂ ਮੁਸ਼ਕਲਾਂ ਬਾਰੇ ਸੰਖੇਪ ਵਿੱਚ ਲਿਖੋ।

**ਜਾਂ**

## ਵਿਕਲਪ—II

## (ਪੰਜਾਬੀ ਸਿਨੇਮਾ)

(a) ਅਜੋਕੇ ਸਮੇਂ ਵਿੱਚ ਸਨੇਮਾਂ ਦੀ ਕੀ ਮਹੱਤਤਾ ਹੈ?

(b) ਗੁਰਦਾਸ ਮਾਨ ਪੰਜਾਬੀ ਦਾ ਕਿਸ ਪ੍ਰਕਾਰ ਦਾ ਗਾਇਕ ਹੈ?

(c) ਪੰਜਾਬੀ ਨਾਟਕ ਨੂੰ ਸ਼੍ਰੀਮਤੀ ਨੌਰਾ ਰਿਚਰਡ ਦੇ ਯੋਗਦਾਨ ਬਾਰੇ ਸੰਖੇਪ ਵਿੱਚ ਲਿਖੋ। 5×3=15

★ ★ ★